**ਪੰਜਾਬ ਸਰਕਾਰ**
**ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ**
**ਦਫ: ਪ੍ਰਧਾਨ ਮੁਖ ਵੱਣ ਪਾਲ (HoFF)**
**ਵਣ ਭੱਵਨ, ਸੈਕਟਰ-68**
**ਐਸ.ਏ.ਐਸ. ਨਗਰ, ਪੰਜਾਬ**
**(ਐਫ.ਸੀ.ਏ. ਬ੍ਰਾਂਚ)**

ਮਿਤੀ: 06/01/2021

ਸੇਵਾ ਵਿਖੇ

ਵਣ ਮੰਡਲ ਅਫਸਰ,
ਪਠਾਨਕੋਟ।

**ਵਿਸ਼ਾ: - Diversion of 0.0129 ha. forest land for construction of approach road to Kamal White House Marriage Palace on Pathankot to Gurdaspur road km 13-14 L/side at village Phangarian Khasra No 5R/23//2/1/2, under forest division & district Pathankot (FP/PB/Approach/40417/2019).**

**ਹਵਾਲਾ:-** ਆਪ ਜੀ ਦੇ ਦਫਤਰ ਦਾਪੱਤਰ ਨੰ**: 744** ਮਿਤੀ **29.10.2020.**

**********

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਨਾਲ ਪ੍ਰਾਪਤ ਹੋਈ ਤਜਵੀਜ਼ ਨੂੰ ਆਨ-ਲਾਈਨ ਚੈੱਕ ਕੀਤਾ ਗਿਆ ਜਿਸ ਵਿੱਚ ਹੇਠ ਅਨੁਸਾਰ ਤਰੁੱਟੀਆਂ ਪਾਈਆਂ ਗਈਆਂ ਹਨ:-

1. ਪਾਰਟ II ਵਿੱਚ ਅਪਲੋਡ ਕੀਤੀ ਗਈ ਜਮ੍ਹਾਂਬੰਦੀ ਸਪਸ਼ਟ ਪੜ੍ਹਨਯੋਗ ਨਹੀਂ ਹੈ। ਇਸ ਨੂੰ ਦੁਬਾਰਾ ਤੋਂ ਅਪਲੋਡ ਕੀਤਾ ਜਾਵੇ।
2. ਪਾਰਟ II ਵਿੱਚ Sr. No. 13 V (Document sr. No. 27) ਵਿੱਚ ਅਪਲੋਡ ਕੀਤਾ ਗਿਆ ਪਾਰਟ I ਖੁਲ ਨਹੀਂ ਰਿਹਾ।
3. ਸੀ.ਏ. ਸਕੀਮ ਸਹੀ ਅਪਲੋਡ ਨਹੀਂ ਕੀਤੀ ਗਈ। ਇਸ ਵਿੱਚ ਐਂਟਰੀ ਪੁਆਇੰਟ ਐਕਟੀਵੀਟੀ ਸਬੰਧੀ ਨਹੀਂ ਲਿਖਿਆ ਗਿਆ ਅਤੇ ਇਸ ਵਿੱਚ ਪੀਨਲ ਸੀ.ਏ. ਦੀ 2 ਗੁਣਾਂ ਨਾਲ ਕੈਲਕੁਲੇਸ਼ਨ ਕੀਤੀ ਗਈ ਹੈ।
4. ਵਣ ਪਾਲ ਵੱਲੋਂ Penal NPV ਵਿੱਚ 02 ਗੁਣਾਂ ਸਿਫਾਰਿਸ਼ ਕੀਤੀ ਗਈ ਹੈ ਪ੍ਰੰਤੂ ਆਪ ਵੱਲੋਂ 05 ਗੁਣਾਂ ਪਾਈ ਗਈ ਹੈ। ਇਸ ਸਬੰਧੀ ਸਪਸ਼ਟ ਰਿਪੋਟ ਭੇਜੀ ਜਾਵੇ।
5. ਇਸ ਦਫਤਰ ਵੱਲੋਂ ਜਾਰੀ ਪੱਤਰ ਨੰਬਰ I/97331/2020 ਮਿਤੀ 29.10.2020 ਰਾਹੀਂ ਭਾਰਤ ਸਰਕਾਰ ਵੱਲੋਂ ਸਾਈਟ ਇੰਸਪੈਕਸ਼ਨ ਲਈ ਨਿਰਧਾਰਿਤ ਕੀਤੇ ਪ੍ਰੋਫਾਰਮੇ ਤੇ ਸਾਈਟ ਇੰਸਪੈਕਸ਼ਨ ਅਤੇ ਪਾਰਟ II ਸ਼ਹੀ ਕਰਨ ਉਪਰੰਤ ਸਿਫਾਰਿਸ਼ ਸਹਿਤ ਸਪਸ਼ਟ ਰਿਪੋਰਟ ਭੇਜੀ ਜਾਵੇ।
6. ਪਾਰਟ II ਵਿੱਚ ਸਪਸ਼ਟ ਸਿਫਾਰਿਸ਼ ਕਰਦੇ ਹੋਏ ਰਿਪੋਰਟ ਭੇਜੀ ਜਾਵੇ ਜੀ।
7. ਸੀ.ਏ. ਸਾਈਟ ਦੀ ਕੇ.ਐਮ.ਐਲ. ਫਾਈਲ ਗਲਤ ਅਪਲੋਡ ਕੀਤੀ ਗਈ ਹੈ। ਪਾਰਟ 2 ਵਿੱਚ ਅਪਲੋਡ ਕੀਤੀ ਗਈ ਕੇ.ਐਮ.ਐਲ. ਫਾਈਲ ਦਾ 51.4 ਹੈਕ. ਦਾ ਏਰੀਆ ਲਿਆ ਗਿਆ ਹੈ, ਜਦਕਿ ਇਸ ਵਿੱਚ 0.1 ਹੈਕ. ਵਿੱਚ ਸੀ.ਏ. ਦੀ ਪਲਾਂਟੇਸ਼ਨ ਅਤੇ 0.18 ਹੈਕ. ਵਿੱਚ ਪੀਨਲ ਸੀ.ਏ. ਦੀ ਪਲਾਂਟੇਸ਼ਨ ਕੀਤੀ ਜਾਣੀ ਹੈ। ਜਿਸ ਲਈ 51.4 ਹੈਕ. ਦੇ ਏਰੀਆ ਬਹੁਤ ਜ਼ਿਆਦਾ ਹੈ। ਇਸ ਤੋਂ ਇਲਾਵਾ ਪਾਰਟ 2 ਵਿੱਚ ਅਪਲੋਡ ਕੀਤਾ ਗਿਆ ਡੀ.ਜੀ.ਪੀ.ਐਸ. ਮੈਪ ਕੇ.ਐਮ.ਐਲ. ਫਾਈਲ ਨਾਲ ਮੇਲ ਨਹੀਂ ਕਰਦਾ। ਇਸ ਲਈ ਇਸ ਨੂੰ ਠੀਕ ਕਰਕੇ ਪਾਰਟ 2 ਵਿੱਚ ਦੁਬਾਰਾ ਤੋਂ ਅਪਲੋਡ ਕੀਤਾ ਜਾਵੇ।

ਉਪਰੋਕਤ ਪਾਈਆਂ ਗਈਆਂ ਤਰੁੱਟੀਆਂ ਨੂੰ ਜਲਦੀ ਤੋਂ ਜਲਦੀ ਠੀਕ ਕਰਵਾ ਕੇ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਸਬੰਧਤ ਤਜਵੀਜ਼ ਤੇ ਅਗਲੀ ਕਾਰਵਾਈ ਕੀਤੀ ਜਾ ਸਕੇ।

ADMINISTRATIVE OFFICER FCA

06/01/2021

ਸੀ.ਸੀ.

1. ਵਣ ਪਾਲ, ਨਾਰਥ ਸਰਕਲ, ਹੁਸ਼ਿਆਰਪੁਰ,
2. Kamal White House Marriage Palace, Pathankot to Gurdaspur road km 13-14 L/side, Village Phangarian Distt Pathankot.